# 70th Foundation Day of ICCR

April 09, 2020

........................................................................................................|

## ICCR ਦੀ ਸਥਾਪਨਾ ਦਾ 70ਵਾਂ ਦਿਹਾੜਾ

09 ਅਪ੍ਰੈਲ, 2020

ਭਾਰਤੀ ਸੱਭਿਆਚਾਰਕ ਸੰਬੰਧ ਪਰਿਸ਼ਦ (ICCR) 9 ਅਪ੍ਰੈਲ ਨੂੰ ਆਪਣੀ ਸਥਾਪਨਾ ਦੀ 70ਵੀਂ ਵਰੇਗੰਢ ਮਨਾ ਰਹੀ ਹੈ। ਹਾਲਾਂਕਿ ਕੋਵਿਡ -19 ਦੇ ਮੱਦੇਨਜ਼ਰ ਪਹਿਲਾਂ ਉਲੀਕੇ ਗਏ ਵੱਡੇ ਪੱਧਰ ਦੇ ਜਸ਼ਨਾਂ ਨੂੰ ਹੁਣ ਇੱਕ ਸਾਲ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

“ICCR ਦਾ ਮੰਤਵ ਹੈ ਭਾਰਤੀ ਸੱਭਿਆਚਾਰ ਬਾਰੇ ਚੰਗੀ ਸਮਝ ਵਿਕਸਿਤ ਕਰਨਾ ਅਤੇ ਜਦੋਂ ਸਮੁੱਚਾ ਕੌਮਾਂਤਰੀ ਸਮੁਦਾ ਹੁਣ ਤੱਕ ਅਣਡਿੱਠੀ ਚੁਣੌਤੀ ਦਾ ਸਾਹਮਣਾ ਕਰ ਰਿਹਾ ਹੈ, ਇਕੱਲਾ ਅਤੇ ਦੂਜਿਆਂ ਤੋਂ ਟੁੱਟਿਆ ਹੋਇਆ ਮਹਿਸੂਸ ਕਰ ਰਿਹਾ ਹੈ, ਤਾਂ ਭਾਰਤੀ ਫ਼ਲਸਫ਼ੇ ਦਾ ਸੰਦੇਸ਼ ਭਾਵ ਵਸੁਧੈਵ ਕੁਟੰਬਕਮ ਭਾਵ "ਸਾਰੀ ਦੁਨੀਆਂ ਇੱਕ ਪਰਿਵਾਰ ਹੈ" ਪਹਿਲਾਂ ਨਾਲੋਂ ਵੀ ਵਧੇਰੇ ਢੁਕਵਾਂ ਬਣ ਗਿਆ ਹੈ। ਇਸ ਲਾਕਡਾਉਨ ਦੇ ਹਾਲਾਤ ਵਿੱਚ ਵੀ ICCR ਯੋਗ, ਸ਼ਾਸਤਰੀ ਨ੍ਰਿਤ ਅਤੇ ਇੱਥੋਂ ਤੱਕ ਕਿ ਹਿੰਦੀ ਅਤੇ ਸੰਸਕ੍ਰਿਤ ਵਿੱਚ ਈ-ਟਯੂਟੋਰੀਅਲ ਕਰ ਰਹੀ ਹੈ। ਅਸੀਂ 'ਕੰਮ ਹਮੇਸ਼ਾ ਚੱਲਦਾ ਰਹਿਣਾ ਚਾਹੀਦਾ ਹੈ' ਦੀ ਭਾਵਨਾ ਦੇ ਨਾਲ ਕੰਮ ਕਰ ਰਹੇ ਹਾਂ। ਕੋਵਿਡ 19 ਦੀ ਚੁਣੌਤੀ ਦਾ ਇੱਕਜੁਟਤਾ ਨਾਲ ਸਾਹਮਣਾ ਕਰਨ ਦੇ ਵਿਸ਼ੇ 'ਤੇ ਇੱਕ ਕੌਮਾਂਤਰੀ ਕਲਾ ਮੁਕਾਬਲੇ ਦਾ ਐਲਾਨ ਕੀਤਾ ਜਾ ਚੁੱਕਾ ਹੈ ਅਤੇ ਅਜਿਹੇ ਕਈ ਪ੍ਰੋਗਰਾਮਾਂ ਦੇ ਜ਼ਰੀਏ ਅਸੀਂ ਆਪਣਾ ਕੰਮ ਸਿਰੇ ਚਾੜ੍ਹਾਂਗੇ" ICCR ਦੇ ਪ੍ਰਧਾਨ ਡਾ: ਵਿਨੇ ਸਾਹਸ੍ਰਬੁੱਧੇ ਨੇ ਇਸ ਮੌਕੇ 'ਤੇ ਆਪਣੇ ਸੁਨੇਹੇ ਵਿੱਚ ਕਿਹਾ।

ICCR ਦੀ ਸਥਾਪਨਾ 1950 ਵਿੱਚ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਨੇ ਕੀਤੀ ਸੀ, ਜਿਸਦਾ ਉਦੇਸ਼ ਭਾਰਤ ਅਤੇ ਬਾਕੀ ਦੁਨੀਆਂ ਦਰਮਿਆਨ ਸਭਿਆਚਾਰਕ ਸਬੰਧਾਂ ਅਤੇ ਆਪਸੀ ਸਮਝ ਨੂੰ ਉਤਸ਼ਾਹਤ ਅਤੇ ਮਜ਼ਬੂਤ ਕਰਨਾ ਅਤੇ ਹੋਰਨਾਂ ਦੇਸ਼ਾਂ ਅਤੇ ਲੋਕਾਂ ਨਾਲ ਸਭਿਆਚਾਰਕ ਵਟਾਂਦਰੇ ਨੂੰ ਉਤਸ਼ਾਹਤ ਕਰਨਾ ਸੀ।

ਪਿਛਲੇ ਸੱਤ ਦਹਾਕਿਆਂ ਦੌਰਾਨ ਭਾਰਤ ਦੀ ਸਭਿਆਚਾਰਕ ਵਿਰਾਸਤ ਦਾ ਪ੍ਰਸਾਰ ਕਰਨ ਦੇ ਮਾਮਲੇ 'ਚ ਇੱਕ ਸੰਸਥਾ ਵਜੋਂ ICCR ਦੇ ਕੰਮਕਾਜ ਦੇ ਨਵੇਂ ਪਹਿਲੂ ਵਿਕਿਸਤ ਹੋਏ ਹਨ ਅਤੇ ਇਹ ਵੱਖੋ ਵੱਖ ਸੁਚੱਜੇ ਅਤੇ ਨਿਸ਼ਚਤ ਪ੍ਰੋਗਰਾਮਾਂ ਜ਼ਰੀਏ ਵਿਦੇਸ਼ ਮੰਤਰਾਲੇ ਦੀ 'ਨਰਮ ਸ਼ਕਤੀ' ਵਜੋਂ ਉਭਰੀ ਹੈ।

ਵਿਦੇਸ਼ਾਂ ਵਿਖੇ ICCR ਦੇ 38 ਸੱਭਿਆਚਾਰਕ ਕੇਂਦਰਾਂ ਅਤੇ ਭਾਰਤ ਅੰਦਰ 19 ਖੇਤਰੀ ਦਫਤਰਾਂ ਰਾਹੀਂ ਕੀਤੀਆਂ ਜਾਣ ਵਾਲੀਆਂ ਵੱਖ ਵੱਖ ਪ੍ਰਸਾਰ ਗਤੀਵਿਧੀਆਂ ਸਦਕਾ ਇਹ ਵੱਖੋ ਵੱਖ ਸਭਿਆਚਾਰਕ, ਅਕਾਦਮਿਕ ਅਤੇ ਬੌਧਿਕ ਵਟਾਂਦਰਿਆਂ ਅਤੇ ਵਿਦੇਸ਼ਾਂ ਵਿੱਚ ਭਾਰਤੀ ਸਭਿਆਚਾਰ ਨੂੰ ਪ੍ਰਚਾਰਤ ਕਰਨ ਦਾ ਕੰਮ ਕਰਦੀ ਹੈ, ਜਿਸ ਵਿੱਚ ਭਾਰਤੀ ਕਲਾ, ਇਤਿਹਾਸ, ਮੌਖਿਕ ਪ੍ਰਥਾਵਾਂ, ਨ੍ਰਿਤ, ਸੰਗੀਤ, ਯੋਗ, ਭਾਸ਼ਾਵਾਂ, ਭੋਜਨ, ਤਿਉਹਾਰ ਅਤੇ ਸਮਕਾਲੀ ਮੁੱਦੇ ਸ਼ਾਮਲ ਹਨ।

ਕੌਮਾਂਤਰੀ ਭਾਈਚਾਰੇ ਵਿੱਚ ਭਾਰਤੀ ਸੱਭਿਆਚਾਰ ਦੀ ਸਮਝ ਵਿਕਸਿਤ ਕਰਨ ਦੇ ਵੱਡੇ ਉਦੇਸ਼ ਦੀ ਪੂਰਤੀ ਲਈ ICCR ਵੱਲੋਂ ਕਰਵਾਏ ਜਾ ਰਹੇ ਪ੍ਰੋਗਰਾਮਾਂ ਨੂੰ ਮੋਟੇ ਤੌਰ ਤੇ ਇੰਜ ਵੰਡਿਆ ਜਾ ਸਕਦਾ ਹੈ:

i. ਭਾਰਤੀ ਸੱਭਿਆਚਾਰਕ ਡੈਲੀਗੇਸ਼ਨਾਂ ਦੇ ਵਿਦੇਸ਼ੀ ਦੌਰੇ ਨੂੰ ਸਪਾਂਸਰ ਕਰਨਾ ਅਤੇ ਵਿਦੇਸ਼ਾਂ ਵਿੱਚ ਫੈਸਟੀਵਲ ਆਫ ਇੰਡੀਆ ਕਰਾਕੇ ਭਾਰਤੀ ਕਲਾ ਦੇ ਰੂਪਾਂ ਦਾ ਪ੍ਰਚਾਰ ਕਰਨਾ;

ii. ਵਿਦੇਸ਼ੀ ਸੱਭਿਆਚਾਰਕ ਸਮੂਹਾਂ ਅਤੇ ਭਾਰਤ ਵਿੱਚ ਅੰਤਰਰਾਸ਼ਟਰੀ ਸਭਿਆਚਾਰਕ ਫੈਸਟੀਵਲ ਦੀ ਮੇਜ਼ਬਾਨੀ ਕਰਨਾ;

iii. ਭਾਰਤ ਅਤੇ ਵਿਦੇਸ਼ਾਂ ਵਿੱਚ ਕਲਾ ਅਤੇ ਸ਼ਿਲਪਕਾਰੀ ਦੀ ਪ੍ਰਦਰਸ਼ਨੀਆਂ ਲਾਉਣਾ;

iv. ਹੋਰਨਾਂ ਦੇਸ਼ਾਂ ਨੂੰ ਭਾਰਤ ਦੀਆਂ ਮਹਾਨ ਹਸਤੀਆਂ ਦੇ ਬੁੱਤ ਅਤੇ ਮੂਰਤੀਆਂ ਭੇਟਾ ਕਰਨਾ;

v. ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਜ਼ੀਫ਼ਾ ਸਕੀਮਾਂ ਲਾਗੂ ਕਰਨਾ;

vi. ਫੈਲੋਸ਼ਿਪ ਪ੍ਰੋਗਰਾਮ, ਵਿਦੇਸ਼ੀ ਸੰਸਥਾਵਾਂ / ਯੂਨੀਵਰਸਿਟੀਆਂ ਵਿਚ ਭਾਰਤੀ ਚੇਅਰ ਸਥਾਪਤ ਕਰਨਾ;

vii।. ਭਾਰਤ ਦੀ ਝਲਕ ਵਿਖਾਉਣ ਲਈ ਜਾਣੇ-ਪਛਾਣੇ ਵਿਦੇਸ਼ੀ, ਅਕਾਦਮਿਕ ਸੈਲਾਨੀਆਂ ਨੂੰ ਇਥੇ ਆਉਣ ਦਾ ਸੱਦਾ ਦੇਣਾ

viii. ਪੁਰਸਕਾਰ ਪ੍ਰੋਗਰਾਮ (ਸਾਬਕਾ ਵਿਦਿਆਰਥੀ, ਇੰਡੋਲੋਜੀ ਅਤੇ ਸੰਸਕ੍ਰਿਤ);

ix. ਭਾਰਤੀ ਭਾਸ਼ਾਵਾਂ, ਉਚੇਚੇ ਤੌਰ 'ਤੇ ਹਿੰਦੀ ਅਤੇ ਸੰਸਕ੍ਰਿਤ ਅਤੇ ਭਾਰਤੀ ਸਾਹਿਤ ਦੀ ਸਮਝ ਨੂੰ ਵਧਾਵਾ ਦੇਣਾ;

x. ਵਿਦੇਸ਼ਾਂ ਵਿਚ ਯੋਗ ਨੂੰ ਉਤਸ਼ਾਹਤ ਕਰਨਾ ਅਤੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣਾ;

xi. ਸਾਲਾਨਾ ਭਾਸ਼ਣ ਸੀਰੀਜ਼ ਕਰਾਉਣਾ (21 ਮਈ ਨੂੰ ਵਿਸ਼ਵ ਸੱਭਿਆਚਾਰ ਦਿਵਸ ਦੇ ਮੌਕੇ 'ਤੇ ਦੀਨਦਿਆਲ ਉਪਾਧਿਆਇ ਯਾਦਗਾਰੀ ਭਾਸ਼ਣ)

ਪਿਛਲੇ ਕਈ ਸਾਲਾਂ ਵਿੱਚ ਵਿਚਾਰਾਂ, ਆਦਰਸ਼ਾਂ ਅਤੇ ਸੱਭਿਆਚਾਰਾਂ ਦੇ ਇਸ ਮੇਲ-ਮਿਲਾਪ ਰਾਹੀਂ ICCR ਸਾਡੀ ਹਜ਼ਾਰਾਂ ਸਾਲ ਪੁਰਾਣੀ ਸੱਭਿਅਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਦੁਨੀਆਂ ਵਿੱਚ ਲੈ ਕੇ ਗਈ ਹੈ ਅਤੇ ਵਸੁਧੈਵ ਕੁਟੰਬਕਮ - ਸਾਰੀ ਦੁਨੀਆਂ ਇੱਕ ਪਰਿਵਾਰ ਹੈ - ਦੇ ਟੀਚੇ ਨੂੰ ਉਤਸ਼ਾਹਤ ਕੀਤਾ ਹੈ। ਉਚੇਰੇ ਪੱਧਰ ਦੇ ਭੂਮੰਡਲੀਕਰਨ ਦੀ ਭਾਵਨਾ ਨਾਲ ਲੈਸ ICCR ਦੇ ਸਾਬਕਾ ਵਿਦਿਆਰਥੀਆਂ ਦੇ ਮਜ਼ਬੂਤ ਸਮੂਹ ਨੇ ICCR ਦੇ ਸੁਨੇਹੇ ਨੂੰ ਫੈਲਾਉਣ ਵਿਚ ਅਹਿਮ ਭੂਮਿਕਾ ਨਿਭਾਈ ਹੈ। ਪਰਿਸ਼ਦ ਵੱਲੋਂ ਹੁਣ ਸਲਾਨਾ ਤੌਰ 'ਤੇ ਵੱਖ-ਵੱਖ ਭਾਰਤੀ ਯੂਨੀਵਰਸਿਟੀਆਂ / ਸੰਸਥਾਵਾਂ ਵਿੱਚ

ਅੰਡਰਗ੍ਰੈਜੁਏਟ, ਪੋਸਟ ਗ੍ਰੈਜੂਏਟ, ਐਮ। ਫਿਲ / ਪੀ। ਐਚ। ਡੀ। ਲਈ ਲਗਭਗ 4,000 ਸਕਾਲਰਸ਼ਿਪਾਂ ਅਤੇ ਪੋਸਟ-ਡਾਕਟੋਰਲ ਫੈਲੋਸ਼ਿਪਾਂ ਦਿੱਤੀਆਂ ਜਾਂਦੀਆਂ ਹਨ।

ਗਿਆਨ ਦੀ ਖੋਜ ਹਮੇਸ਼ਾਂ ਹੀ ਭਾਰਤੀ ਸੱਭਿਆਚਾਰ ਅਤੇ ਸੱਭਿਅਤਾ ਦੀ ਬੁਨਿਆਦ ਰਹੀ ਹੈ। ਪੁਰਾਤਨ ਸਮੇਂ ਤੋਂ ਹੀ ਭਾਰਤ ਨੇ ਸਾਰੀ ਦੁਨੀਆਂ ਤੋਂ ਗਿਆਨ ਦੀ ਖੋਜ ਅਤੇ ਘੋਖ ਕਰਨ ਵਾਲਿਆਂ ਨੂੰ ਆਪਣੇ ਵੱਲ ਖਿੱਚਿਆ ਹੈ। ਭਾਰਤ ਅਜੇ ਵੀ ਸਿੱਖਿਆ ਦਾ ਕੇਂਦਰ ਬਣਿਆ ਹੋਇਆ ਹੈ ਅਤੇ ਕਾਨਫਰੰਸਾਂ, ਸੈਮੀਨਾਰਾਂ, ਭਾਰਤੀ ਅਧਿਐਨ ਚੇਅਰਜ਼ ਅਤੇ ਭਾਰਤੀ ਸੰਸਥਾਵਾਂ ਦੇ ਸਾਬਕਾ ਵਿਦਿਆਰਥੀਆਂ ਦੀਆਂ ਗਤੀਵਿਧੀਆਂ ਰਾਹੀਂ ਅਕਾਦਮਿਕ ਵਟਾਂਦਰੇ ਨੂੰ ਉਤਸ਼ਾਹਤ ਕਰਦਾ ਹੈ।

ਸੱਤ ਦਹਾਕਿਆਂ ਤੋਂ ਸਾਡੀ ਹੋਂਦ ਮਾਣ ਅਤੇ ਖੁਸ਼ੀ ਦੀ ਗੱਲ ਹੈ। ਵਰਤਮਾਨ ਕੋਵਿਡ 9 ਮਹਾਂਮਾਰੀ ਦੇ ਕਾਰਨ ICCR 9 ਅਪ੍ਰੈਲ ਨੂੰ ਆਪਣਾ ਸਥਾਪਨਾ ਦਿਵਸ ਭਾਰਤ ਅਤੇ ਵਿਦੇਸ਼ਾਂ ਵਿੱਚ ਵੱਖ-ਵੱਖ ਆਨਲਾਈਨ ਗਤੀਵਿਧੀਆਂ ਰਾਹੀਂ ਮਨਾਏਗੀ। ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਭਾਰਤੀ ਪ੍ਰਵਾਸੀਆਂ ਲਈ ਲੇਖ ਮੁਕਾਬਲੇ ਭਾਰਤ ਅਤੇ ਪੂਰੀ ਦੁਨੀਆਂ ਵਿੱਚ ਕਰਾਏ ਜਾਣਗੇ। ਭਾਰਤ ਵਿੱਚ ਪੜ੍ਹ ਰਹੇ ICCR ਵਿਦਿਆਰਥੀਆਂ ਦਾ ਇੱਕ ਬਲਾੱਗ ਸਪੇਸ ਸ਼ੁਰੂ ਕੀਤਾ ਜਾਏਗਾ ਅਤੇ ਵਿਦੇਸ਼ਾਂ ਵਿੱਚ ਪ੍ਰਵਾਨਤ ਸਾਡੇ ਭਾਰਤੀ ਮਿਸ਼ਨ ਇਹ ਦਿਹਾੜਾ ਸਬੰਧਤ ਦੇਸ਼ਾਂ ਵਿੱਚ ਢੁਕਵੇਂ ਤਰੀਕੇ ਨਾਲ ਨਾਲ ਮਨਾਉਣਗੇ।

ਨਵੀਂ ਦਿੱਲੀ

ਅਪ੍ਰੈਲ 09, 2020

Disclaimer: This is an approximate translation. The original is available in English on MEA's website and can be referred to as an official press release.